# ਮਨੁੱਖੀ ਅਧਿਕਾਰਾਂ ਦਾ ਝੰਡਾ ਬਰਦਾਰ—ਗੁਰਸ਼ਰਨ ਸਿੰਘ

*ਡਾ. ਸਤੀਸ਼ ਕੁਮਾਰ ਵਰਮਾ*

ਕਿਸੇ ਵੀ ਕਲਮਕਾਰ ਜਾਂ ਕਲਾਕਾਰ ਦਾ ਮੁਢਲਾ ਕਾਰਜ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਆਵਾਜ਼ ਬੁਲੰਦ ਕਰਨਾ ਹੁੰਦਾ ਹੈ। ਸਾਨੂੰ ਸਮਾਜਿਕ, ਸਭਿਆਚਾਰਕ ਤੇ ਰਾਜਨੀਤਿਕ ਤੌਰ 'ਤੇ ਜਿਹੜੇ ਅਧਿਕਾਰ ਮਿਲੇ ਹਨ, ਉਹਨਾਂ ਨੂੰ ਮਨਾਉਣਾ ਹਰ ਬਸ਼ਰ ਦਾ ਬੁਨਿਆਦੀ ਹੱਕ ਹੈ ਲੇਕਿਨ ਸਮੇਂ-ਸਮੇਂ ਸਮਾਜ, ਸਭਿਆਚਾਰ ਤੇ ਰਾਜਨੀਤੀ ਦੇ ਅਖੌਤੀ ਠੇਕੇਦਾਰ ਇਹਨਾਂ ਹੱਕਾਂ 'ਤੇ ਆਪਣਾ ਅਜਿਹਾ ਅਧਿਕਾਰ ਜਮਾਉਂਦੇ ਹਨ ਕਿ ਜਨ ਸਾਧਾਰਨ ਦੀ ਹਾਲਤ ਚੱਕੀ ਦੇ ਪੁੜਾਂ ਵਿਚ ਪਿਸਣ ਵਾਲੀ ਹੋ ਜਾਂਦੀ ਹੈ। ਇਕ ਪਾਸੇ 'ਅਧਿਕਾਰਾਂ ਦੀ ਪ੍ਰਾਪਤੀ ਦੇ ਨੇਮਾਂ ਦਾ ਪੁੜ' ਤੇ ਦੂਜੇ ਪਾਸੇ 'ਹੱਕਮਾਰਾਂ ਦਾ ਪੁੜ'। ਨੇਮ ਉਸਨੂੰ ਹੱਕਾਂ ਦੀ ਪ੍ਰਾਪਤੀ ਵੱਲ ਤੋਰਦੇ ਹਨ, ਪਰ ਨੇਮਾਂ 'ਤੇ ਕਬਜ਼ਾ ਜਮਾਈ ਬੈਠੇ ਲੋਕ ਹੱਕ ਪ੍ਰਾਪਤੀ ਹੋਣ ਨਹੀਂ ਦਿੰਦੇ। ਅਜੋਕੇ ਲੋਕਤੰਤਰੀ ਭਾਰਤ ਵਿਚ ਇਹ ਸਥਿਤੀ ਹੋਰ ਵੀ ਵਿਕਰਾਲ ਬਣ ਗਈ ਹੈ। ਦੁਨੀਆ ਦੀ ਇਕ ਵੱਡੀ ਜਮਹੂਰੀਅਤ ਹੋਣ ਕਾਰਨ ਹਰ ਨਾਗਰਿਕ ਨੂੰ ਸੰਵਿਧਾਨ ਵੱਲੋਂ ਮਨੁੱਖੀ ਅਧਿਕਾਰ ਦਿਤੇ ਗਏ ਹਨ, ਨੇਮ ਬਣੇ ਹੋਏ ਹਨ, ਪ੍ਰੰਤੂ ਰਾਜਨੀਤੀ 'ਤੇ ਕਾਬਜ਼ ਧਿਰਾਂ 'ਤੇ ਉਹਨਾਂ ਫੀਡ ਕਰਨ ਵਾਲੀ ਲੋਟੂ ਸ਼੍ਰੇਣੀ ਥਾਂ-ਥਾਂ ਅੜਿਕੇ ਡਾਹੁੰਦੀ ਹੈ ਤੇ ਆਮ ਨਾਗਰਿਕ ਮਾਨਵੀ ਅਧਿਕਾਰਾਂ ਨੂੰ ਮਾਣਨ ਦੀ ਥਾਂ ਗ਼ੁਲਾਮਾਂ ਵਰਗੀ ਜ਼ਿੰਦਗੀ ਜੀਣ ਲਈ ਮਜ਼ਬੂਰ ਹੋ ਜਾਂਦਾ ਹੈ।

ਅਜਿਹੇ ਸਮੇਂ ਜਿਹੜੇ ਕਲਮਕਾਰ ਤੇ ਕਲਾਕਾਰ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਮੈਦਾਨ ਵਿਚ ਨਿਤਰੇ ਹਨ ਤੇ ਮਨੁੱਖੀ ਅਧਿਕਾਰਾਂ ਦਾ ਝੰਡਾ ਬਰਦਾਰ ਬਣੇ ਹਨ ਉਹਨਾਂ ਵਿਚ ਇਕ ਪ੍ਰਮੁੱਖ ਨਾਂ ਨਾਟਕਕਾਰ ਤੇ ਰੰਗਕਰਮੀ ਗੁਰਸ਼ਰਨ ਸਿੰਘ ਦਾ ਹੈ। ਉਹ ਵਾਹਿਦ ਐਸਾ ਰੰਗਕਰਮੀ ਹੈ ਜਿਸਨੇ ਗਿਣਤੀ ਵਿਚ ਸਭ ਤੋਂ ਵੱਧ ਪ੍ਰੋਡਕਸ਼ਨਾਂ ਦਿੱਤੀਆਂ ਹਨ। ਉਸ ਨੇ ਪੰਜਾਬ ਦਾ ਚੱਪਾ-ਚੱਪਾ ਗਾਹਿਆ ਹੈ। ਸ਼ਾਇਦ ਹੀ ਕੋਈ ਐਸਾ ਪਿੰਡ ਹੋਵੇ ਜਿਸ ਵਿਚ ਗੁਰਸ਼ਰਨ ਸਿੰਘ ਆਪਣਾ ਥੀਏਟਰ ਲੈ ਕੇ ਨਾ ਪੁੱਜਿਆ ਹੋਵੇ। ਉਸਨੇ ਪੰਜਾਬੀ ਰੰਗਮੰਚ ਦੇ ਖੇਤਰ ਵਿਚ ਬਹੁਪਸਾਰੀ ਕਾਰਜ ਕੀਤਾ ਹੈ। ਨਿੱਜੀ ਪੱਧਰ 'ਤੇ ਇਕ ਕਲਾਕਾਰ ਹੋਣ ਦੀ ਹੈਸੀਅਤ ਵਿਚ ਉਸ ਦਾ ਆਪਣਾ ਅੰਦਾਜ਼ ਹੈ ਤੇ ਆਪਣੀ ਪਛਾਣ ਹੈ। ਜੇ ਤੁਲਨਾ ਕਰਨੀ ਹੋਵੇ ਤਾਂ ਜਿਵੇਂ ਭਾਰਤੀ ਥੀਏਟਰ ਵਿਚ ਪ੍ਰਿਥਵੀ ਰਾਜ ਕਪੂਰ ਦੀ ਨਿਵੇਕਲੀ ਅਭਿਨਯ ਸ਼ੈਲੀ ਸੀ, ਉਸੇ ਤਰ੍ਹਾਂ ਪੰਜਾਬ ਵਿਚ ਗੁਰਸ਼ਰਨ ਸਿੰਘ ਦੀ ਹੈ। ਪੰਜਾਬ

ਦੇ ਦਰਜਨਾਂ ਕਲਾਕਾਰ ਗੁਰਸ਼ਰਨ ਸਿੰਘ ਦੀ ਨਕਲ ਉਵੇਂ ਹੀ ਮੰਚਾਂ 'ਤੇ ਕਰਦੇ ਹਨ, ਜਿਵੇਂ ਫ਼ਿਲਮ ਸਟਾਰਾਂ ਦੀ ਨਕਲ ਕੀਤੀ ਜਾਂਦੀ ਹੈ। 1957 ਵਿਚ ਨੰਗਲ ਵਿਖੇ ਭਾਖੜਾ ਡੈਮ 'ਤੇ ਇੰਜੀਨੀਅਰ ਵਜੋਂ ਕੰਮ ਕਰਦਿਆਂ ਉਸ ਨੇ ਥੀਏਟਰ ਆਰੰਭ ਕੀਤਾ। ਲੋਕਪੱਖੀ ਸੋਚ ਨੂੰ ਪ੍ਰਣਾਏ ਗੁਰਸ਼ਰਨ ਸਿੰਘ ਨੇ ਸੋਚਿਆ ਕਿ ਜੇ ਅਸੀਂ ਪਾਣੀਆਂ ਨੂੰ ਡੈਮ ਬਣਾ ਕੇ ਬੰਨ੍ਹ ਸਕਦੇ ਹਾਂ ਤਾਂ ਲੋਕ-ਸ਼ਕਤੀ ਦੇ ਦਰਿਆ ਨੂੰ ਕਿਉਂ ਨਹੀਂ ਬੰਨ੍ਹ ਸਕਦੇ ? ਇਸ ਤਰ੍ਹਾਂ ਉਹ ਲੋਕ ਪੱਖੀ ਥੀਏਟਰ ਦੇ ਰਾਹ ਦਾ ਪੱਕਾ ਪਾਂਧੀ ਹੋ ਗਿਆ। ਦਹਾਕਾ ਭਰ ਅੰਮ੍ਰਿਤਸਰ ਸ਼ਹਿਰ ਵਿਚ ਥੀਏਟਰ ਕਰਨ ਤੋਂ ਬਾਅਦ, 1969 ਵਿਚ ਗੁਰੂ ਨਾਨਕ ਦੀ ਪੰਜਵੀਂ ਸ਼ਤਾਬਦੀ ਦੇ ਮੌਕੇ ਉਸ ਦਾ ਰੁਖ ਪਿੰਡਾਂ ਵੱਲ ਹੋ ਗਿਆ। ਗੁਰਦਿਆਲ ਸਿੰਘ ਫੁੱਲ ਦੇ ਪਚਵੰਜਾ ਪਾਂਡ ਵਾਲੇ ਨਾਟਕ 'ਜਿਨੁ ਸਚੁ ਪਲੈ ਹੋਇ' ਨੂੰ ਉਸ ਨੇ ਪੰਜ ਕਲਾਕਾਰਾਂ ਨਾਲ ਖੇਡ ਕੇ ਪੰਜਾਬ ਦੇ ਪਿੰਡਾਂ ਤਕ ਰਸਾਈ ਕੀਤੀ ਦੇ ਫਿਰ ਚਲ ਸੋ ਚਲ। ਉਹ ਹਜ਼ਾਰਾਂ ਦੀ ਗਿਣਤੀ ਵਿਚ ਪੇਸ਼ਕਾਰੀਆਂ ਦੇ ਚੁੱਕਾ ਹੈ। ਨੁੱਕੜ ਦਾ ਪੰਜਾਬ ਵਿਚ ਹੀ ਨਹੀਂ, ਸਗੋਂ ਉਸ ਸਮੁੱਚੇ ਭਾਰਤ ਵਿਚ 'ਸਮਰਾਟ' ਮੰਨਿਆ ਗਿਆ ਹੈ। ਦੇਸ਼ ਭਰ ਦੇ ਪ੍ਰਾਂਤਾਂ ਤੇ ਸ਼ਹਿਰਾਂ ਵਿਚ ਦੀ ਹੁੰਦਾ ਹੋਇਆ ਉਹ ਬਦੇਸ਼ਾਂ ਵਿਚ ਵੀ ਨਾਟਕ ਖੇਡ ਆਇਆ ਹੈ ਤੇ ਆਪਣੇ ਨਾਟਕ ਮੰਨਾ ਸਿੰਘ ਨੂੰ ਟੀ. ਵੀ. ਰਾਹੀਂ ਪੇਸ਼ ਕਰਕੇ ਗੁਰਸ਼ਰਨ ਸਿੰਘ ਉਰਫ ਭਾਈ ਮੰਨਾ ਸਿੰਘ ਦਾ ਲਕਬ ਵੀ ਪ੍ਰਾਪਤ ਕਰ ਚੁੱਕਾ ਹੈ।

ਗੁਰਸ਼ਰਨ ਸਿੰਘ ਬਾਮਕਸਦ ਰੰਗਕਰਮ ਦਾ ਹਾਮੀ ਹੈ। ਉਸ ਲਈ ਲੋਕ ਹਿਤ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਪਹਿਲਾਂ ਹਨ ਤੇ ਥੀਏਟਰ ਬਾਅਦ ਵਿਚ। ਉਸ ਨੇ ਆਪਣੇ ਲੋਕ ਪੱਖੀ ਵਿਚਾਰਾਂ ਲਈ ਥੀਏਟਰ ਨੂੰ ਵਾਹਨ ਬਣਾਇਆ ਹੈ। ਕਈ ਲੋਕ ਉਸਦੇ ਥੀਏਟਰ ਨੂੰ ਨਿਰੋਲ ਪ੍ਰਚਾਰ ਕਹਿੰਦੇ ਹਨ ਪਰ ਮੇਰੀ ਧਾਰਨਾ ਹੈ ਕਿ 'ਵਿਚਾਰਾਂ ਦੇ ਪ੍ਰਚਾਰ' ਲਈ ਪੋਸਟਰ, ਰੈਲੀਆਂ, ਨਾਹਰਿਆਂ, ਧਰਨਿਆਂ ਦੀ ਥਾਂ ਜੇ 'ਥੀਏਟਰ' ਮਾਧਿਅਮ ਬਣਿਆ ਤਾਂ ਇਸ ਵਿਚ ਥੀਏਟਰ ਦੇ ਮਾਧਿਅਮ ਦਾ ਪ੍ਰਸਾਰ ਤੇ ਪ੍ਰਚਾਰ ਵੀ। ਇਹੀ ਕਾਰਨ ਹੈ ਕਿ 'ਗੌਣ ਸੁਣਨ' ਦੇ ਆਦੀ ਪੰਜਾਬੀਆਂ ਨੂੰ ਗੁਰਸ਼ਰਨ ਸਿੰਘ ਨੇ 'ਡਰਾਮਾ ਵੇਖਣ' ਲਾਇਆ ਹੈ। ਉਸਨੇ ਜਨ-ਜੀਵਨ ਵਿਚ ਇਸ ਵਿਧਾ ਦੀ ਪਛਾਣ ਕਰਵਾਈ ਹੈ। ਜਨ-ਮਾਨਸ ਵਿਚ ਇਹ ਰੁਝਾਨ ਗੁਰਸ਼ਰਨ ਸਿੰਘ ਕਰਕੇ ਆਇਆ ਕਿ ਦੋ ਬੰਦੇ ਆਪਸ ਵਿਚ ਕਹਿਣ ਕਿ 'ਚਲੋ, ਡਰਾਮਾ ਵੇਖਣ ਚਲੀਏ।' ਜਿਹੜਾ ਕੰਮ ਸਰਕਾਰਾਂ, ਅਦਾਰੇ, ਯੂਨੀਵਰਸਿਟੀਆਂ ਰਲ ਕੇ ਨਹੀਂ ਕਰ ਸਕੇ, ਉਹ ਇਕੱਲੇ ਗੁਰਸ਼ਰਨ ਸਿੰਘ ਨੇ ਕਰ ਵਿਖਾਇਆ।

ਗੁਰਸ਼ਰਨ ਸਿੰਘ ਉਦੋਂ ਉਠਿਆ ਸੀ, ਜਦੋਂ 'ਇਪਟਾ' ਮੱਧਮ ਪੈ ਰਹੀ ਸੀ ਤੇ ਉਸਨੇ 'ਇਪਟਾ' ਵਰਗੀ ਲਹਿਰ ਦਾ ਪੁਨਰ-ਉਥਾਨ ਪਲਸ ਮੰਚ (ਪੰਜਾਬ ਲੋਕ ਸਭਿਆਚਾਰ ਮੰਚ) ਬਣਾ ਕੇ ਕੀਤਾ। ਅੱਤਵਾਦ ਦੇ ਕਾਲੇ ਦੌਰ ਵਿਚ ਉਭਰੀ ਇਸ ਲੋਕ ਪੱਖੀ ਸੰਸਥਾ, ਜਿਸਦਾ ਉਹ ਸੰਸਥਾਪਕ ਤੇ ਪ੍ਰਧਾਨ ਹੈ, ਨੇ ਪੰਜਾਬੀ ਰੰਗਮੰਚ ਦੇ ਇਤਿਹਾਸ ਵਿਚ ਆਪਣਾ ਇਤਿਹਾਸਕ ਰੋਲ ਨਿਭਾਇਆ ਹੈ। ਪਲਸ ਮੰਚ ਦੇ ਉਥਾਨ ਨਾਲ ਹੀ ਪੰਜਾਬ

ਵਿਚ 'ਇਪਟਾ' ਮੁੜ ਸਰਗਰਮ ਹੋਈ ਹੈ। ਉਸਨੇ ਆਪਣੇ ਵਰਗੇ ਸੈਂਕੜੇ ਰੰਗਕਰਮੀ ਤੇ ਦਰਜਨਾਂ ਨਾਟ ਟੋਲੇ ਤਿਆਰ ਕੀਤੇ ਹਨ ਜਿਹੜੇ ਲੋਕ ਪੱਖੀ ਥੀਏਟਰ ਨੂੰ ਸਮਰਪਿਤ ਹਨ। ਉਸਨੇ ਆਪਣੇ ਪਰਿਵਾਰ ਨੂੰ ਥੀਏਟਰ ਵਿਚ ਲਾਇਆ ਹੈ ਤੇ ਥੀਏਟਰ ਨੂੰ ਆਪਣਾ ਪਰਿਵਾਰ ਬਣਾਇਆ ਹੈ। ਗੁਰਸ਼ਰਨ ਸਿੰਘ ਦਾ ਇਹ ਵਡੇਰਾ ਪਰਿਵਾਰ ਹੀ ਉਸ ਦੇ ਬਾਮਕਸਦ ਰੰਗਕਰਮ ਦੀ ਬੁਨਿਆਦ ਹੈ।

ਗੁਰਸ਼ਰਨ ਸਿੰਘ ਦੇ ਨਾਟ-ਮੰਚ ਦਾ ਕੇਂਦਰ ਧੁਰਾ ਮਨੁੱਖੀ ਅਧਿਕਾਰਾਂ ਦੀ ਰਾਖੀ ਹੈ ਜਿਸਦਾ ਪ੍ਰਮਾਣ ਉਸਦੇ ਸਾਰੇ ਨਾਟਕਾਂ ਤੇ ਪੇਸ਼ਕਾਰੀਆਂ ਹੀ ਹਨ। ਫ਼ਰਕ ਏਨਾ ਹੀ ਹੈ ਕਿ ਉਹ ਅਲਗ-ਅਲਗ ਵਿਧੀਆਂ ਰਾਹੀਂ ਮਕਸਦ ਨੂੰ ਅਗਰਭੂਮੀ ਵਿਚ ਲਿਆਉਂਦਾ ਹੈ। ਇਨ੍ਹਾਂ ਵਿਧੀਆਂ ਨੂੰ ਇਸ ਪ੍ਰਕਾਰ ਸਮਝਿਆ ਜਾ ਸਕਦਾ ਹੈ।

ੳ) ਇਤਿਹਾਸਕ ਹਵਾਲਿਆਂ ਰਾਹੀਂ ਵਰਤਮਾਨ ਪ੍ਰਤੀ ਚੇਤਨਤਾ ਜਗਾਉਂਦਿਆਂ ਮਨੁੱਖੀ ਅਧਿਕਾਰਾਂ ਦੀ ਰਾਖੀ ਦਾ ਸੱਦਾ।

ਅ) ਮੌਜੂਦਾ ਸਮੱਸਿਆਵਾਂ ਤੇ ਟਿੱਪਣੀ ਕਰਦਿਆਂ ਮਨੁੱਖੀ ਅਧਿਕਾਰਾਂ ਪ੍ਰਤੀ ਚੇਤਨਾ ਜਗਾਉਣਾ।

ੲ) ਪਰਿਵਾਰਕ ਮਾਹੌਲ ਦੁਆਰਾ ਸਮਾਜੀ/ਰਾਜਸੀ ਚੇਤਨਾ ਦਾ ਸੰਚਾਰ ਕਰਦਿਆਂ ਮਨੁੱਖੀ ਅਧਿਕਾਰਾਂ ਦੀ ਗੌਰਵ ਸਥਾਪਿਤ ਕਰਨਾ।

'ਧਮਕ ਨਗਾਰੇ ਦੀ', 'ਚਾਂਦਨੀ ਚੌਕ ਤੋਂ ਸਰਹਿੰਦ ਤੱਕ', 'ਵੰਗਾਰ' ਆਦਿ ਨਾਟਕ। ਇਨ੍ਹਾਂ ਵਿਧੀਆਂ ਦੇ ਕਾਰਗਾਰ ਹੋਣ ਦੀਆਂ ਮਿਸਾਲਾਂ ਹਨ। ਦੁੱਲਾ ਭੱਟੀ, ਛੋਟੇ ਸ਼ਾਹਿਬਜ਼ਾਦੇ ਤੇ ਭਗਤ ਸਿੰਘ ਦੇ ਇਤਿਹਾਸਕ ਹਵਾਲੇ ਉਨ੍ਹਾਂ ਵਿਚਲੇ ਮਨੁੱਖੀ ਅਧਿਕਾਰਾਂ ਦੇ ਘਾਣ 'ਤੇ ਤਿੱਖੀ ਟਿੱਪਣੀ ਕਰਦੇ ਹੋਏ ਮੌਜੂਦਾ ਸਮੇਂ ਵਿਚ ਚੱਲ ਰਹੀ ਮਨੁੱਖੀ ਅਧਿਕਾਰਾਂ ਦੀ ਲੜਾਈ ਨਾਲ ਜੁੜ ਜਾਂਦੇ ਹਨ। 'ਚਾਂਦਨੀ ਚੌਕ ਤੋਂ ਸਰਹਿੰਦ ਤੱਕ' ਵਿਚਲਾ ਤਜ਼ਰਬਾ-ਏ-ਵਕਤ ਇਸ ਦੀ ਸਟੀਕ ਉਦਾਹਰਣ ਹੈ। ਜੇ ਤਿੰਨ ਸਦੀਆਂ ਪਹਿਲੇ ਵਜ਼ੀਰ ਖ਼ਾਨ ਅਤੇ ਅੱਜ ਦੇ ਲੋਟੂ ਹਾਕਮਾਂ ਦੀ ਸੁਰ ਰਲਦੀ ਹੈ ਤਾਂ ਨਾਲ ਹੀ ਤਿੰਨ ਸਦੀਆਂ ਪਹਿਲਾਂ ਹਾਅ ਦਾ ਨਾਹਰਾ ਮਾਰਨ ਵਾਲੇ ਨਵਾਬ ਸ਼ੇਰ ਮੁਹੰਮਦ ਤੇ ਅੱਜ ਦੇ ਨਾਟਕਕਾਰ ਤੇ ਰੰਗਕਰਮੀ ਗੁਰਸ਼ਰਨ ਸਿੰਘ ਦੀ ਤਾਸੀਰ ਵੀ ਰਲਦੀ ਹੈ। ਉਦੋਂ ਕੇਵਲ 'ਹਾਅ ਦਾ ਨਾਹਰਾ' ਵੱਜਿਆ ਸੀ ਤੇ ਹੁਣ ਰੰਗਕਰਮੀ ਗੁਰਸ਼ਰਨ ਸਿੰਘ ਆਪਣੇ ਰੰਗਕਰਮ ਰਾਹੀਂ ਬਹੁਤ ਸਾਰਿਆਂ ਨੂੰ 'ਹਾਅ ਦਾ ਨਾਹਰਾ' ਮਾਰਨ ਤੋਂ ਅੱਗੇ ਲੈ ਜਾ ਕੇ 'ਸੰਘਰਸ਼ ਦੇ ਰਾਹ' ਤੋਰਨ ਦਾ ਕਾਰਜ ਕਰਦਾ ਹੈ। 'ਚਾਂਦਨੀ ਚੌਕ ਤੋਂ ਸਰਹਿੰਦ ਤੱਕ' ਦਾ 'ਵਕਤ' ਅੱਜ 'ਤੇ ਵੀ ਨਜ਼ਰ ਰੱਖ ਰਿਹਾ ਹੈ ਤੇ ਅਤੀਤ 'ਤੇ ਵੀ, ਕਿਉਂਕਿ ਮਨੁੱਖੀ ਅਧਿਕਾਰਾਂ ਦੀ ਰਾਖੀ ਦੀ ਉਦੋਂ ਵੀ ਲੋੜ ਸੀ ਤੇ ਹੁਣ ਵੀ ਹੈ।

ਦੂਜੀ ਪਰਤ ਵਿਚ ਗੁਰਸ਼ਰਨ ਸਿੰਘ ਦੇ 'ਕਰਫਿਊ', 'ਚੰਡੀਗੜ੍ਹ ਪੁਆੜੇ ਦੀ ਜੜ੍ਹ', 'ਰਾਜ ਸਾਹਿਬਾਂ ਦਾ', 'ਭੰਡ ਕੈਨੇਡਾ ਆਏ', 'ਇਕ ਕੁਰਸੀ, ਇਕ ਮੋਰਚਾ ਤੇ ਹਵਾ ਵਿਚ ਲਟਕਦੇ ਲੋਕ', 'ਹਵਾਈ ਗੋਲੇ' ਆਦਿ ਨਾਟਕਾਂ ਤੋਂ ਲੈ ਕੇ 'ਕੰਮੀਆਂ ਦਾ ਵਿਹੜਾ',

'ਬੇਗਮੋ ਦੀ ਧੀ', 'ਸੁਖੀ ਬਸੈ ਮਸਕੀਨੀਆ' ਆਦਿ ਨਾਟਕ ਆਉਂਦੇ ਹਨ ਜਿਹੜੇ ਭਾਰਤ ਦੀ ਮੌਜੂਦਾ ਸਥਿਤੀ ਵਿਸ਼ੇਸ਼ ਕਰਕੇ ਐਮਰਜੈਂਸੀ (1975 ਤੋਂ 1977) ਤੋਂ ਬਾਅਦ ਦੇ ਪਿਛਲੇ ਤਿੰਨ ਦਹਾਕਿਆਂ ਦੌਰਾਨ ਹੋਏ ਮਾਨਵੀ ਅਧਿਕਾਰਾਂ ਦੇ ਘਾਣ ਤੇ ਕੇਂਦਰਤ ਹਨ। ਗੁਰਸ਼ਰਨ ਸਿੰਘ ਦੀ ਤਿੱਖੀ ਨਜ਼ਰ ਹਰ ਵਰਗ 'ਤੇ ਕੇਂਦਰਤ ਹੈ। ਇਸ ਵਿਚ ਸਰਕਾਰ ਤੇ ਪ੍ਰਸ਼ਾਸ਼ਨ ਤੋਂ ਲੈ ਕੇ ਪੁਲਿਸ ਤੇ ਅੱਤਵਾਦੀਆਂ ਤੀਕ ਸਾਰੀਆਂ ਧਿਰਾਂ ਸ਼ਾਮਿਲ ਹਨ। ਉਹ ਕਿਸੇ ਦਾ ਪੱਖ ਨਹੀਂ ਪੂਰਦਾ। ਜੇ ਪੱਖ ਪੂਰਦਾ ਹੈ ਤਾਂ ਮਾਨਵੀ ਅਧਿਕਾਰਾਂ ਨਾਲ ਜੁੜੇ ਸਰੋਕਾਰਾਂ ਦਾ। ਉਸ ਲਈ ਹਰ ਉਹ ਵਿਅਕਤੀ ਮਹੱਤਵਪੂਰਨ ਹੈ ਜਿਹੜਾ ਸੱਤਾ ਦੇ ਜ਼ੁਲਮ ਦਾ ਸ਼ਿਕਾਰ ਹੈ। ਇਸੇ 'ਵਿਅਕਤੀ' ਦੇ ਹੱਕ ਵਿਚ ਖੜਨ ਲਈ ਉਹ ਕਈ ਨਾਟਕੀ ਜੁਗਤਾਂ ਵੀ ਵਰਤਦਾ ਹੈ ਜਿਵੇਂ 'ਨੰਗਾ ਆਦਮੀ' ਜਿਹਾ ਪਾਤਰ ਸਿਰਜਦਾ ਹੈ ਜਿਹੜਾ ਸੱਚ ਦਾ ਝੰਡਾ ਬਰਦਾਰ ਹੈ ਤੇ ਉਸ 'ਚੌਂਤਰੇ' ਦੇ ਮੈਟਾਫਰ ਰਾਹੀਂ ਆਕਾਰ ਗ੍ਰਹਿਣ ਕਰਦਾ ਹੈ ਜਿਸ 'ਤੇ ਚੜ੍ਹ ਕੇ 'ਸੱਚ' ਹੀ ਬੋਲਿਆ ਜਾ ਸਕਦਾ ਹੈ। ਅਸਲ ਵਿਚ ਇਹ 'ਚੌਂਤਰਾ' ਗੁਰਸ਼ਰਨ ਦਾ ਨਾਟ-ਮੰਚ ਹੈ, ਜਿਥੋਂ ਸੱਚ ਦੀ ਧੁਨੀ ਗੂੰਜਦੀ ਹੈ।

ਇਸੇ ਕੜੀ ਵਿਚ ਤੀਜੀ ਪਰਤ ਅਧੀਨ ਉਹ ਨਾਟਕ ਆਉਂਦੇ ਹਨ ਜਿਥੇ ਪਰਿਵਾਰਕ ਮਾਹੌਲ ਰਾਹੀਂ ਮਾਨਵੀ ਅਧਿਕਾਰਾਂ ਦੀ ਚੇਤਨਾ ਦੀ ਗੱਲ ਕੀਤੀ ਗਈ ਹੈ। ਗੁਰਸ਼ਰਨ ਸਿੰਘ ਦੇ ਮੁੱਢਲੇ ਦੌਰ ਵਿਚਲੇ 'ਬੰਦ ਕਮਰੇ' ਤੋਂ ਲੈ ਕੇ ਅਗਲੇ ਦੌਰ ਦੇ 'ਨਾਇਕ' ਤੱਕ ਇਹ ਵਿਧੀ ਵਰਤੀ ਗਈ ਹੈ। ਜਿਥੇ 'ਬੰਦ ਕਮਰੇ' ਸੋਚ ਦੀ 'ਗੁਲਾਮੀ' ਤੋਂ ਮੁਕਤ ਹੋਣ ਦਾ ਸੱਦਾ ਹੈ, ਉਥੇ 'ਨਾਇਕ' ਵਿਚ ਪੀੜ੍ਹੀ ਪਾੜੇ ਨੂੰ ਪੀੜ੍ਹੀ ਸੁਮੇਲ ਵਿਚ ਤਬਦੀਲ ਕਰਦਿਆਂ ਮਾਨਵੀ ਹੱਕਾਂ ਲਈ ਸੰਘਰਸ਼ ਵਿਚ ਪਿਉ-ਪੁੱਤਰ ਨੂੰ ਇਕੱਠਿਆਂ ਤੋਰਿਆ ਗਿਆ ਹੈ।

ਅਸਲ ਵਿਚ ਗੁਰਸ਼ਰਨ ਸਿੰਘ ਦਾ ਨਾਟ-ਮੰਚ ਇਸ ਤੱਥ ਨੂੰ ਹੀ ਦ੍ਰਿੜਾਉਂਦਾ ਹੈ ਕਿ ਇਸਤਰੀਆਂ, ਬੱਚੇ, ਕਿਸਾਨ, ਮਜ਼ਦੂਰ, ਆਮ ਲੋਕ ਸਾਰੇ ਹੀ ਇਸ ਭ੍ਰਿਸ਼ਟ ਸਿਸਟਮ ਵਿਚ ਪਿਸ ਰਹੇ ਹਨ। ਪੁਲਿਸ, ਪ੍ਰਸ਼ਾਸ਼ਕ, ਰਾਜਨੀਤੀ ਤੇ ਅਕਾਦਮਿਕ ਅਦਾਰੇ ਉਨ੍ਹਾਂ ਦੇ ਬੁਨਿਆਦੀ ਹੱਕਾਂ ਨੂੰ ਖੋਹਣ 'ਤੇ ਲੱਗੇ ਹੋਏ ਹਨ। ਜ਼ਾਹਿਰ ਹੈ ਕਿ ਅਜਿਹੇ ਸਮੇਂ ਗੁਰਸ਼ਰਨ ਸਿੰਘ ਨੇ ਪ੍ਰਤੀਬੱਧ ਵਿਅਕਤੀ ਵਜੋਂ ਪੰਜਾਬੀ ਨਾਟ-ਮੰਚ ਖੇਤਰ ਵਿਚ ਇਹ ਪਹਿਲਕਦਮੀ ਕੀਤੀ ਹੈ ਤੇ ਮੇਰੇ ਜਿਹੇ ਸੈਂਕੜੇ ਰੰਗਕਰਮੀ ਇਸੇ ਰਾਹ 'ਤੇ ਤੁਰੇ ਹੋਏ ਹਨ। ਬਰੈਖ਼ਤ ਦੇ ਬੋਲਾਂ 'ਤੇ ਪੂਰਾ ਉਤਰਦਿਆਂ ਗੁਰਸ਼ਰਨ ਸਿੰਘ ਦਾ ਨਾਟਕਰਮ ਤੇ ਰੰਗਕਰਮ ਆਪਣੀ ਬਾਮਕਸਦ ਜ਼ਿੰਮੇਵਾਰੀ ਨਿਭਾ ਰਿਹਾ ਹੈ:

ਕੀ ਜ਼ੁਲਮਤਾਂ ਦੇ ਦੌਰ ਵਿਚ ਵੀ ਗੀਤ ਗਾਏ ਜਾਣਗੇ ?
ਹਾਂ, ਜ਼ੁਲਮਤਾਂ ਦੇ ਦੌਰ ਵਿਚ ਵੀ ਗੀਤ ਗਾਏ ਜਾਣਗੇ...

ਤੇ ਗੁਰਸ਼ਰਨ ਸਿੰਘ ਅਜਿਹਾ ਹੀ ਇਕ 'ਗੀਤ' ਹੈ, ਜਿਸਨੂੰ 'ਮਨੁੱਖੀ ਅਧਿਕਾਰਾਂ ਦਾ ਝੰਡਾ ਬਰਦਾਰ' ਕਹਿਣਾ ਹੀ ਬਣਦਾ ਹੈ।